# ਪੰਜਾਬੀ ਯੂਨੀਵਰਸਿਟੀ, ਪਟਿਆਲਾ

(1961 ਦੇ ਪੰਜਾਬ ਐਕਟ ਨੰ: 35 ਤਹਿਤ ਸਥਾਪਤ)

## ਕੰਟਰੋਲਰ (ਪ੍ਰੀਖਿਆਵਾਂ) ਦਫਤਰ

ਨੰ. 24926 /ਸੀ.ਓ.ਈ.

ਮਿਤੀ 29/11/2024

ਸਮੂਹ ਵਿਭਾਗਾਂ ਦੇ ਮੁਖੀ ਸਾਹਿਬਾਨ,
ਸਮੂਹ ਕੰਸਟੀਚੁਐਂਟ ਕਾਲਜ/ਨੇਬਰਹੁੱਡ ਕੈਂਪਸ ਅਤੇ
ਕਾਲਜਾਂ ਦੇ ਪ੍ਰਿੰਸੀਪਲ/ਇੰਚਾਰਜ਼/ਕੋਆਰਡੀਨੇਟਰ ਸਾਹਿਬਾਨ

ਵਿਸ਼ਾ:- **ਸੈਸ਼ਨ ਨਵੰਬਰ/ਦਸੰਬਰ, 2024 ਦੇ ਪ੍ਰੀਖਿਆ ਸੈਂਟਰਾਂ ਲਈ ਜਰੂਰੀ ਹਦਾਇਤਾਂ।**

1. ਸੈਂਟਰ ਵਿਖੇ ਪੇਪਰ ਦੇਣ ਵਾਲੇ ਕੇਵਲ ਉਹ ਵਿਦਿਆਰਥੀ ਹੀ ਬਿਠਾਏ ਜਾਣ, ਜਿਹੜਾ ਸੈਂਟਰ ਉਸ ਵਿਦਿਆਰਥੀ ਨੂੰ ਯੂਨੀਵਰਸਿਟੀ ਪ੍ਰੀਖਿਆ ਸ਼ਾਖਾ ਵਲੋਂ ਅਲਾਟ ਕੀਤਾ ਗਿਆ ਹੈ। ਸਾਰੇ ਸੈਂਟਰ ਨਿਗਰਾਨ ਸਾਹਿਬਾਨ ਇਹ ਗੱਲ ਯਕੀਨੀ ਬਣਾਉਣਗੇ ਕਿ ਕਿਸੇ ਹੋਰ ਸੈਂਟਰ ਦੇ ਵਿਦਿਆਰਥੀ ਨੂੰ ਨਾ ਬਿਠਾਇਆ ਜਾਵੇ। ਜੇਕਰ ਕੋਈ ਵਿਦਿਆਰਥੀ ਗਲਤੀ ਨਾਲ ਸੈਂਟਰ ਵਿਖੇ ਬੈਠ ਜਾਂਦਾ ਹੈ ਤਾਂ ਉਸ ਵਿਦਿਆਰਥੀ ਦੀ ਉੱਤਰ-ਕਾਪੀ ਸੈਂਟਰ ਨਿਗਰਾਨ ਵੱਲੋਂ ਰੱਦ ਕਰ ਦਿੱਤੀ ਜਾਵੇਗੀ।
2. ਜੇਕਰ ਕਿਸੇ ਵਿਦਿਆਰਥੀ ਨੇ ਆਪਣੇ ਆਨਲਾਈਨ ਪ੍ਰੀਖਿਆ ਫਾਰਮ ਵਿੱਚ ਪੇਪਰ ਗਲਤ ਭਰਿਆ ਹੈ ਜਾਂ ਨਹੀਂ ਭਰਿਆ ਹੈ ਅਤੇ ਉਹ ਵਿਦਿਆਰਥੀ ਸੈਂਟਰ ਵਿੱਚ ਪ੍ਰੀਖਿਆ ਦੇਣ ਲਈ ਹਾਜਰ ਹੋ ਗਿਆ ਹੈ। ਅਜਿਹੇ ਕੇਸਾਂ ਵਿੱਚ ਸੈਂਟਰ ਨਿਗਰਾਨ ਦੀ ਆਗਿਆ ਨਾਲ ਵਿਦਿਆਰਥੀ ਦਾ ਪੇਪਰ ਕਰਵਾ ਲਿਆ ਜਾਵੇ। ਇਸ ਕੇਸ ਨੂੰ ਸਟਰੇਅ-ਕੇਸ ਵੱਜੋਂ ਮੰਨਿਆ ਜਾਵੇਗਾ। ਅਜਿਹੇ ਕੇਸ ਨੂੰ ਆਨਲਾਈਨ ਐਬਸੈਂਟੀ ਅਤੇ ਆਨਲਾਈਨ ਮੀਮੋ ਵਿੱਚ ਵੀ ਸਟਰੇਅ-ਕੇਸ ਵਜੋਂ ਦਰਜ਼ ਕੀਤਾ ਜਾਵੇ। ਸਟਰੇਅ-ਕੇਸ ਦੇ ਵਿਦਿਆਰਥੀਆਂ ਦੀਆਂ ਉੱਤਰ-ਕਾਪੀਆਂ ਨੂੰ ਅਲੱਗ ਪੈਕਟ ਵਿੱਚ ਤਿਆਰ ਕਰਕੇ ਪ੍ਰੀਖਿਆ ਸ਼ਾਖਾ ਨੂੰ ਭੇਜਿਆ ਜਾਵੇ। ਹਰੇਕ ਪੇਪਰ ਦੇ ਸਟਰੇਅ-ਕੇਸਾਂ ਲਈ ਵੱਖ-ਵੱਖ ਪੈਕਟ ਬਣਾਉਣੇ ਜਰੂਰੀ ਹਨ।

**ਨੋਟ:- ਸਟਰੇਅ-ਕੇਸ ਦੇ ਸਬੰਧ ਵਿੱਚ ਪ੍ਰੀਖਿਆ ਸ਼ਾਖਾ ਵਿੱਚ ਵਾਰ-ਵਾਰ ਇੰਨਕੁਆਰੀ ਨਾ ਕੀਤੀ ਜਾਵੇ ਅਤੇ ਪੇਪਰ ਬਦਲਣ ਸਬੰਧੀ ਬੇਨਤੀ ਨਹੀਂ ਮੰਨੀ ਜਾਵੇਗੀ। ਅਜਿਹੇ ਕੇਸਾਂ ਸਬੰਧੀ ਪੇਪਰ ਤੋਂ ਬਾਅਦ ਪ੍ਰੀਖਿਆ ਸ਼ਾਖਾ ਦੇ ਸਬੰਧਿਤ ਸੈੱਟ ਨਾਲ ਤਾਲਮੇਲ ਕਰ ਲਿਆ ਜਾਵੇ। ਵਿਦਿਆਰਥੀ ਗਲਤ ਭਰੇ ਹੋਏ ਆਨਲਾਈਨ ਪੇਪਰ ਯੂਨੀਵਰਸਿਟੀ ਨਿਯਮਾਂ ਅਨੁਸਾਰ ਬਣਦੀ ਤਰੁੱਟੀ ਫੀਸ ਭਰ ਕੇ ਆਪਣਾ ਕੇਸ ਠੀਕ ਕਰਵਾ ਲੈਣ ਤਾਂ ਜੋ ਨਤੀਜਾ ਸਮੇ-ਸਿਰ ਘੋਸ਼ਿਤ ਕੀਤਾ ਜਾ ਸਕੇ।**

3. ਆਨਲਾਈਨ ਮੀਮੋ ਅਤੇ ਆਨਲਾਈਨ ਐਬਸੈਂਟੀ ਦਾ ਜਿਹੜਾ ਵੀ ਪ੍ਰਿੰਟ ਨਿਕਲਦਾ ਹੈ, ਉਸ ਵਿੱਚ ਕਿਸੇ ਵੀ ਤਰ੍ਹਾਂ ਦੀ ਹੱਥ-ਲਿਖਤ ਸੋਧ/ਐਂਟਰੀ ਨਾ ਕੀਤੀ ਜਾਵੇ।
4. ਉੱਤਰ-ਕਾਪੀਆਂ ਦੇ ਪੈਕਟ ਆਨਲਾਈਨ ਮੀਮੋ ਦੇ ਅਨੁਸਾਰ ਹੀ ਅਲੱਗ-ਅਲੱਗ ਬਣਾਏ ਜਾਣ ਅਤੇ ਮੀਮੋ ਵੀ ਉੱਤਰ-ਕਾਪੀਆਂ ਦੇ ਪੈਕਟ ਵਿੱਚ ਪਾ ਕੇ ਭੇਜੇ ਜਾਣ ਤਾਂ ਜੋ ਵਿਦਿਆਰਥੀਆਂ ਦੇ ਨਤੀਜੇ ਘੋਸ਼ਿਤ ਕਰਨ ਵਿੱਚ ਕਿਸੇ ਦਿੱਕਤ ਦਾ ਸਾਹਮਣਾ ਨਾ ਕਰਨਾ ਪਵੇ। ਆਨਲਾਈਨ ਐਬਸੈਂਟੀ/ਆਨਲਾਈਨ ਮੀਮੋ ਨੂੰ ਲਾੱਕ ਕਰਨ ਤੋਂ ਪਹਿਲਾਂ Print Preview ਨੂੰ ਚੰਗੀ ਤਰ੍ਹਾਂ ਘੋਖ ਲਿਆ ਜਾਵੇ।

Sharma
29/11/24

**ਕੰਟਰੋਲਰ (ਪ੍ਰੀਖਿਆਵਾਂ)**

Scanned with CamScanner